## ਪੰਜਾਬ ਸਕੂਲ ਸਿੱਖਿਆ ਬੋਰਡ

ਪ੍ਰੈਸ ਨੋਟ

ਪੰਜਾਬ ਸਕੂਲ ਸਿੱਖਿਆ ਬੋਰਡ ਦੀ ਦਸਵੀਂ ਅਤੇ ਬਾਰ੍ਹਵੀਂ ਵੋਕੇਸ਼ਨਲ/ਪ੍ਰੀ ਵੋਕੇਸ਼ਨਲ ਅਤੇ ਐਨ.ਐਸ.ਕਿਊ.ਐਫ. ਦੀ ਪ੍ਰਯੋਗੀ ਪ੍ਰੀਖਿਆ ਮਿਤੀ 28-1-2019 ਤੋਂ 2-2-2019 ਤੱਕ ਕਰਵਾਈ ਜਾਣੀ ਸੀ। ਤਕਨੀਕੀ ਕਾਰਨਾਂ ਕਰਕੇ ਐਨ.ਐਸ.ਕਿਊ. ਐਫ. ਅਧੀਨ ਦਸਵੀਂ ਅਤੇ ਬਾਰ੍ਹਵੀਂ ਦੀ ਪ੍ਰੀਖਿਆ ਹਾਲ ਦੀ ਘੜੀ ਪੋਸਟਪੋਨ ਕਰ ਦਿੱਤੀ ਗਈ ਹੈ। ਬਾਰ੍ਹਵੀਂ ਸ਼੍ਰੇਣੀ ਦੇ ਵੋਕੇਸ਼ਨਲ (ਓਲਡ ਸਕੀਮ), ਦਸਵੀਂ ਸ਼੍ਰੇਣੀ ਦੇ ਪ੍ਰੀ ਵੋਕੇਸ਼ਨਲ ਵਿਸ਼ਿਆਂ ਦੇ ਪ੍ਰੈਕਟੀਕਲ ਦੀਆਂ ਮਿਤੀਆਂ ਵਿੱਚ ਕੋਈ ਤਬਦੀਲੀ ਨਹੀਂ ਹੈ ਇਹ ਪਹਿਲਾਂ ਤੈਅ ਮਿਤੀਆਂ ਅਨੁਸਾਰ ਹੀ ਕਰਵਾਈ ਜਾਵੇਗੀ। ਸਮੂਹ ਸਕੂਲ ਮੁੱਖੀ ਇਨ੍ਹਾਂ ਵਿਸ਼ਿਆਂ ਦੇ ਪ੍ਰੀਖਿਆਰਥੀਆਂ ਨੂੰ ਨੋਟ ਕਰਵਾ ਦੇਣ ਤਾਂ ਜੋ ਕੋਈ ਪ੍ਰੀਖਿਆਰਥੀ ਪਰੀਖਿਆ ਦੇਣ ਤੋਂ ਰਹਿ ਨਾ ਜਾਵੇ। ਦਸਵੀਂ ਅਤੇ ਬਾਰ੍ਹਵੀਂ ਦੀ ਐਨ.ਐਸ.ਕਿਊ.ਐਫ. ਦੀ ਪ੍ਰਯੋਗੀ ਪ੍ਰੀਖਿਆ ਦੀਆਂ ਮਿਤੀਆਂ ਸਬੰਧੀ ਬਾਅਦ ਵਿੱਚ ਸੂਚਿਤ ਕੀਤਾ ਜਾਵੇਗਾ।

ਬਾਰ੍ਹਵੀਂ ਸ਼੍ਰੇਣੀ ਦੀ ਲਿਖਤੀ ਪ੍ਰੀਖਿਆ ਸਬੰਧੀ ਜਾਰੀ ਕੀਤੀ ਗਈ ਡੇਟ ਸ਼ੀਟ ਵਿੱਚ ਅੰਸ਼ਕ ਸੋਧ ਕਰਦੇ ਹੋਏ ਜੋਗਰਫੀ (042) ਵਿਸ਼ੇ ਦੀ ਮਿਤੀ 2-3-2019 ਨੂੰ ਹੋਣ ਵਾਲੀ ਪ੍ਰੀਖਿਆ ਹੁਣ ਮਿਤੀ 1-4-2019 ਨੂੰ ਹੋਵੇਗੀ। ਡੇਟ ਸ਼ੀਟ ਅਤੇ ਹੋਰ ਵਧੇਰੇ ਜਾਣਕਾਰੀ ਬੋਰਡ ਦੀ ਵੈਬਸਾਈਟ www.pseb.ac.in ਤੇ ਉਪਲਬਧ ਹੈ।

ਸਕੱਤਰ